Tel : 0164-5007210
Email: rc_law@pbi.ac.in

# ਲਾਅ ਵਿਭਾਗ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ

ਇਸ਼ਤਿਹਾਰ ਨੰ. 01/Law.PURC/2025 ਮਿਤੀ 27.01.2025

ਲਾਅ ਵਿਭਾਗ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ ਵਿਚ ਸੈਸ਼ਨ 2024-25 ਲਈ ਐਲਐਲ.ਬੀ (ਤਿੰਨ ਸਾਲਾਂ ਕੋਰਸ) ਅਤੇ ਐਲਐਲ.ਐਮ (ਦੋ ਸਾਲਾਂ ਕੋਰਸ) ਦੇ ਵਿਸ਼ਿਆਂ ਨੂੰ ਪੜ੍ਹਾਉਣ ਲਈ ਹੇਠ ਲਿਖੇ ਅਨੁਸਾਰ ਗੈਸਟ ਫੈਕਲਟੀ ਅਧਿਆਪਕਾਂ ਦੀ ਜਰੂਰਤ ਹੈ।

| ਲੜੀ ਨੰ. | ਆਸਾਮੀ ਦਾ ਨਾਮ | ਗਿਣਤੀ |
|---|---|---|
| 1 | ਲਾਅ | 2 |
| 2 | ਇੰਗਲਿਸ਼ ਕਮਿਊਨੀਕੇਸ਼ਨ ਸਕਿੱਲ (ਕੇਵਲ ਚੌਥੇ ਸਮੈਸਟਰ ਲਈ) | 1 |

ਇਹਨ੍ਹਾਂ ਗੈਸਟ ਫੈਕਲਟੀ ਅਧਿਆਪਕਾਂ ਦੀ ਚੋਣ ਨਿਮਨਲਿਖਤ ਸ਼ਰਤਾਂ ਦੇ ਆਧਾਰ ਤੇ ਕੀਤੀ ਜਾਣੀ ਹੈ :

1. ਉਮੀਦਵਾਰ ਯੂ.ਜੀ.ਸੀ 2018 ਗਾਈਡਲਾਈਨਜ਼ ਅਨੁਸਾਰ ਅਸਿਸਟੈਂਟ ਪ੍ਰੋਫੈਸਰ ਦੀਆਂ ਯੋਗਤਾਵਾਂ ਪੂਰਾ ਕਰਦਾ ਹੋਵੇ।
2. ਗੈਸਟ ਫੈਕਲਟੀ ਅਧਿਆਪਕਾਂ ਦੀ ਨਿਯੁਕਤੀ ਦੀ ਅਵਧੀ ਆਰਜ਼ੀ ਤੌਰ ਤੇ ਅਕਾਦਮਿਕ ਕੈਲੰਡਰ ਅਨੁਸਾਰ ਹਾਜ਼ਰ ਹੋਣ ਦੀ ਮਿਤੀ ਤੋਂ ਮਈ 2025 ਤੱਕ ਹੀ ਹੋਵੇਗੀ।
3. ਗੈਸਟ ਫੈਕਲਟੀ ਅਧਿਆਪਕਾਂ ਨੂੰ ਅਧਿਆਪਨ ਕਾਰਜ ਦੀ ਅਦਾਇਗੀ ਯੂਨੀਵਰਸਿਟੀ ਨਿਯਮਾਂ ਅਨੁਸਾਰ ਕੀਤੀ ਜਾਵੇਗੀ।
4. ਗੈਸਟ ਫੈਕਲਟੀ ਅਧਿਆਪਕਾਂ ਨੂੰ ਲੈਕਚਰ ਲਗਾਉਣ ਤੋਂ ਇਲਾਵਾ ਵਿਭਾਗ ਦੇ ਹੋਰ ਅਕਾਦਮਿਕ ਕੰਮ ਵੀ ਸੌਂਪੇ ਜਾ ਸਕਦੇ ਹਨ।
5. ਅਸਾਮੀਆਂ ਦੀ ਗਿਣਤੀ ਵਧਾਈ ਘਟਾਈ ਜਾ ਸਕਦੀ ਹੈ।

ਲੈਕਚਰ ਬੇਸਿਸ ਗੈਸਟ ਫੈਕਲਟੀ ਅਧਿਆਪਕਾਂ ਦੀ ਚੋਣ ਲਈ ਜਿਹੜੇ ਉਮੀਦਵਾਰ ਅਪਲਾਈ ਕਰਨਾ ਚਾਹੁੰਦੇ ਹਨ, ਉਹ ਆਪਣਾ ਬਿਨੈ-ਪੱਤਰ (ਸੈਲਫ-ਅਟੈਸਟੱਡ ਦਸਤਾਵੇਜ਼ਾ ਸਮੇਤ) ਮੁਖੀ, ਲਾਅ ਵਿਭਾਗ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ ਦੇ ਦਫ਼ਤਰ ਵਿਖੇ ਦਸਤੀ ਜਾਂ ਡਾਕ ਰਾਹੀਂ ਮਿਤੀ 07.02.2025 ਨੂੰ ਸ਼ਾਮ 5 ਵਜੇ ਤੱਕ ਪਹੁੰਚਦੇ ਕਰਨ, ਲੇਟ ਪ੍ਰਾਪਤ ਹੋਣ ਵਾਲੇ ਬਿਨੈ-ਪੱਤਰਾ ਨੂੰ ਵਿਚਾਰਿਆਂ ਨਹੀ ਜਾਵੇਗਾ। ਇੰਟਰਵਿਊ ਤੇ ਹਾਜ਼ਰ ਹੋਣ ਵਾਲੇ ਉਮੀਦਵਾਰਾਂ ਨੂੰ ਕੋਈ ਵੀ TA/DA ਨਹੀ ਦਿੱਤਾ ਜਾਵੇਗਾ।

ਮੁਖੀ
ਲਾਅ ਵਿਭਾਗ,
ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ,
ਬਠਿੰਡਾ।